THE PUNJAB STATE BOARD OF TECHNICAL
EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

ਨੰ/ਪੀ.ਐਸ.ਬੀ.ਟੀ/ਆਈ.ਟੀ.ਆਈ/ 844 ਮਿਤੀ: 02/03/2016

ਸੇਵਾ ਵਿਖੇ

ਪ੍ਰਿੰਸੀਪਲ,
ਸਮੂਹ ਸਰਕਾਰੀ/ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾ,
ਪੰਜਾਬ।

ਵਿਸ਼ਾ : ਐਨ.ਟੀ.ਸੀ ਮੈਨੂਅਲ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਮੂਹ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਡੀ. ਜੀ.ਟੀ,ਨਵੀ ਦਿੱਲੀ ਵੱਲੋ ਐਨ.ਟੀ.ਸੀ ਸਰਟੀਫਿਕੇਟਾਂ ਦੀ ਪ੍ਰੀਟਿੰਗ ਲਈ ਨਵੇਂ ਕੋਡ ਜਾਰੀ ਕੀਤੇ ਗਏ ਹਨ।ਇਸ ਸਬੰਧੀ ਬੋਰਡ ਦੇ ਧਿਆਨ ਵਿੱਚ ਆਇਆ ਹੈ ਕਿ ਪੁਰਾਣੀ ਸਕੀਮ ਅਧੀਨ 'ਟਰੇਡ ਹੇਅਰ ਐਡ ਸਕਿਨ ਕੇਅਰ' ਅਤੇ 'ਲੈਂਕਰ ਟਰਨਿੰਗ' ਕੋਰਸ ਵਿਚ ਪਾਸ ਹੋਏ ਸਿਖਿਆਰਥੀਆਂ ਲਈ ਕੋਡ ਜਾਰੀ ਨਹੀ ਕੀਤੇ ਗਏ।ਵਿਦਿਆਰਥੀਆ ਨੂੰ ਭਵਿੱਖ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਦਾ ਹੱਲ ਲੱਭਣ ਲਈ ਡੀ.ਜੀ.ਟੀ ਨਵੀ ਦਿੱਲੀ ਵੱਲੋ ਇਨ੍ਹਾਂ ਟਰੇਡਾਂ ਦੇ ਸਰਟੀਫਿਕੇਟ ਮੈਨੂਅਲ ਜਾਰੀ ਕੀਤੇ ਜਾਣ ਬਾਰੇ ਕਿਹਾ ਗਿਆ ਹੈ।

ਇਸ ਪੱਤਰ ਰਾਹੀ ਸਮੂਹ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਜਿਕਰ ਟਰੇਡਾਂ ਦੇ ਪਾਸ ਆਉਟ ਸਿਖਿਆਰਥੀਆਂ ਲਈ ਐਫੀਲੀਏਸ਼ਨ ਰਿਕਾਰਡ ਮੁਤਾਬਿਕ ਖਾਲੀ ਐਨ.ਟੀ.ਸੀ ਜਾਰੀ ਕਰਵਾਉਣ ਲਈ ਬੋਰਡ ਦਫਤਰ ਵਿਖੇ ਪਹੁੰਚ ਕੀਤੀ ਜਾਵੇ ਅਤੇ ਇਨ੍ਹਾਂ ਸਰਟੀਫਿਕੇਟਾ ਉਤੇ ਸਿਖਿਆਰਥੀਆਂ ਦੀ ਸਹੀ ਜਾਣਕਾਰੀ ਭਰਨ ਉਪਰੰਤ ਬੋਰਡ ਦਫ਼ਤਰ ਵਿਖੇ ਤੁਰੰਤ ਜਮਾ ਕਰਵਾਏ ਜਾਣ ਤਾ ਜੋ ਬੋਰਡ ਦਫਤਰ ਵੱਲੋ ਸਰਟੀਫਿਕੇਟ ਚੈਕ ਕਰਨ ਮਗਰੋ ਸਕੱਤਰ, ਐਸ.ਸੀ.ਵੀ.ਟੀ/ਐਨ.ਸੀ.ਵੀ.ਟੀ ਜੀ ਦੇ ਹਸਤਾਖਰਾਂ ਹਿੱਤ ਭੇਜਣ ਦੀ ਕਾਰਵਾਈ ਤੁਰੰਤ ਕੀਤੀ ਜਾ ਸਕੇ।

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)

ਪਿੱਠ ਅੰਕਣ ਨੰ: ਮਿਤੀ 2/3/16

ਉਪਰੋਕਤ ਦਾ ਉਤਾਰਾ ਡਾਇਰੈਕਟਰ,ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਨੂੰ ਜਾਣਕਾਰੀ ਹਿੱਤ ਭੇਜੀ ਜਾਂਦੀ ਹੈ।

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)

2/3/16